रोल नं. | | | | | | | | | मुद्रित पृष्ठों की संख्या : 4

Roll No. No. of printed pages : 4

107

# 2024

407 (IVU)

# पंजाबी

समय : 3 घण्टे ] [ पूर्णांक : 80

Time : 3 Hours ] [ Max. Marks : 80

ਨੋਟ : ਸਾਰੇ ਪ੍ਰਸ਼ਨਾਂ ਦੇ ਉੱਤਰ ਜ਼ਰੂਰੀ ਹਨ।

ਨੋਟ : ਸਾਰੇ ਪ੍ਰਸ਼ਨਾਂ ਦੇ ਉੱਤਰ ਜ਼ਰੂਰੀ ਹਨ।

1. ਹੇਠ ਲਿਖੇ ਅਣਡਿੱਠੇ ਪੈਰ੍ਹੇ ਨੂੰ ਪੜ੍ਹ ਕੇ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ।

ਗੁਰੂ ਗੋਬਿੰਦ ਸਿੰਘ ਜੀ ਮਨੁੱਖ ਮਾਤਰ ਦੀ ਏਕਤਾ ਵਿੱਚ ਵਿਸ਼ਵਾਸ ਰੱਖਦੇ ਸਨ। ਆਪ ਦੀ ਲੜਾਈ ਜ਼ਾਲਿਮ ਤੇ ਜਾਬਰ ਵਿਰੁੱਧ ਸੀ। ਇਹੋ ਹੀ ਕਾਰਨ ਹੈ ਕਿ ਹਰ ਫ਼ਿਰਕੇ ਦੇ ਯੋਧੇ ਆਪ ਦੀ ਸੈਨਾ ਵਿੱਚ ਫ਼ੌਜੀ ਅਫ਼ਸਰ ਦੀ ਪਦਵੀ ਨੂੰ ਗ੍ਰਹਿਣ ਕਰਕੇ ਜ਼ੁਲਮ ਦਾ ਟਾਕਰਾ ਕਰਨ ਲਈ ਫ਼ਖਰ ਮਹਿਸੂਸ ਕਰਦੇ ਸਨ। ਪੀਰ ਬੁੱਧੂ ਸ਼ਾਹ ਦਾ ਆਪ ਦੀ ਸੈਨਾ ਵਿੱਚ ਸ਼ਾਮਿਲ ਹੋਣਾ ਇਕ ਪ੍ਰਤੱਖ ਪ੍ਰਮਾਣ ਹੈ। ਬਹੁਤ ਸਾਰੇ ਹਿੰਦੂ ਕਵੀਆਂ ਦੀ ਸਰਪ੍ਰਸਤੀ ਵੀ ਆਪ ਜੀ ਨੇ ਕੀਤੀ। ਆਪ ਜੀ ਦਾ ਸਾਰਾ ਜੀਵਨ ਹੀ ਜੰਗਾਂ-ਯੁੱਧਾਂ ਤੇ-ਜਦੋ ਜਹਿਦ ਵਿੱਚ ਲੰਘਿਆ। ਪਹਾੜੀ ਰਾਜਿਆਂ ਅਤੇ ਮੁਗਲ ਬਾਦਸ਼ਾਹਾਂ ਨਾਲ ਆਪ ਜੀ ਨੇ ਲੋਹਾ ਲਿਆ। ਮੁੱਠੀ ਭਰ ਖ਼ਾਲਸਾ ਫ਼ੌਜਾਂ ਵਿੱਚ ਆਪਣੇ ਸਪਿਰਿਟ ਭਰ ਦਿੱਤੀ, ਜੋ ਕਿ ਵੈਰੀਆਂ ਦੇ ਲੱਖਾਂ ਦੀ ਗਿਣਤੀ ਦੇ ਦਲਾਂ ਉੱਤੇ ਭਾਰੂ ਸਾਬਤ ਹੋਈ। 2+2+2+1+1=8

(ੳ) ਗੁਰੂ ਗੋਬਿੰਦ ਸਿੰਘ ਜੀ ਦੀ ਲੜਾਈ ਕਿਸ ਚੀਜ਼ ਦੇ ਵਿਰੁੱਧ ਸੀ ?

(ਅ) ਗੁਰੂ ਜੀ ਕਿਸ ਚੀਜ਼ ਵਿੱਚ ਵਿਸ਼ਵਾਸ਼ ਰੱਖਦੇ ਸਨ ?

(ੲ) ਗੁਰੂ ਜੀ ਦਾ ਜੀਵਨ ਕਿਵੇਂ ਲੰਘਿਆ ?

(ਸ) ਇਸ ਪੈਰ੍ਹੇ ਦਾ ਢੁੱਕਵਾ ਸਿਰਲੇਖ ਲਿਖੋ।

(ਹ) "ਫ਼ਖਰ" ਸ਼ਬਦ ਦਾ ਕੀ ਅਰਥ ਹੈ ?

2. ਹੇਠ ਲਿਖੇ ਵਿਸ਼ਿਆਂ ਵਿੱਚੋਂ ਕਿਸੇ ਇੱਕ ਤੇ 200-225 ਸ਼ਬਦਾਂ ਵਿੱਚ ਲਿਖੋ- 8

(ੳ) ਸਾਡੇ ਤਿਉਹਾਰ

(ਅ) ਵਿਦਿਆਰਥੀ ਤੇ ਅਨੁਸ਼ਾਸਨ

(ੲ) ਦੇਸ਼ ਪਿਆਰ

(ਸ) ਵਿਗਿਆਨ ਦੇ ਚਮਤਕਾਰ

(ਹ) ਸਮਾਜਿਕ ਬੁਰਾਈਆਂ

3. ਹੇਠ ਲਿਖੇ ਸੰਕੇਤਾਂ ਦੀ ਸਹਾਇਤਾ ਨਾਲ 100-125 ਸ਼ਬਦਾਂ ਵਿੱਚ ਕਹਾਣੀ ਪੂਰੀ ਕਰੋ— 6

ਇਕ ਸਮੇਂ ਦੀ ਗੱਲ ਹੈ ਕਿ ਇਕ ਪਿੰਡ ਵਿੱਚ ਬੁੱਢਾ ਕਿਸਾਨ........। ਉਸ ਦੇ ਚਾਰ ........। ਉਹ ਹਮੇਸ਼ਾ ਲੜਦੇ ........। ਕਿਸਾਨ ਨੇ ਬਹੁਤ ਵਾਰੀ ........। ਇਕ ਵਾਰ ਬੁੱਢਾ ਕਿਸਾਨ ਬਿਮਾਰ........। ਉਸ ਨੂੰ ਫ਼ਿਕਰ........। ਉਸ ਨੇ ਸਮਝਾਉਣ ........ਪਤਲੀਆਂ ਲੱਕੜਾਂ ਦਾ ਗੱਠਾ ........ ਤੇ ਪੁੱਤਰਾਂ ਨੂੰ ਇਕ-ਇਕ ਸੋਟੀ ........ ਤੇ ਉਹਨਾਂ ਅਸਾਨੀ ਨਾਲ ........। ਫਿਰ ਕਿਸਾਨ ਨੇ ਸਾਰਾ ਗੱਠਾ ਘੁੱਟ ਕੇ ........ ਤੇ ਚਾਰੋ ਪੁੱਤਰਾਂ ਨੂੰ ........ ਕਿਹਾ। ਕੋਈ ਪੁੱਤਰ ਵੀ ........। ਕਿਸਾਨ ਨੇ ਪੁੱਤਰਾਂ ਨੂੰ ਸਿੱਖਿਆ ਦਿੱਤੀ........। ਪੁੱਤਰਾਂ ਨੇ ਪਿਤਾ ਨੂੰ........ਵਚਨ ਦਿੱਤਾ।

ਸਿੱਖਿਆ—ਏਕਤਾ........।

4. "ਆਲਾ-ਦੁਆਲਾ-ਸਾਫ਼ ਰੱਖਣ" ਬਾਰੇ ਕਿਸੇ ਅਖ਼ਬਾਰ ਦੇ ਸੰਪਾਦਕ ਨੂੰ ਇਕ ਪੱਤਰ ਲਿਖੋ। 6

5. ਹੇਠ ਲਿਖੇ ਮੁਹਾਵਰਿਆਂ ਦੇ ਸਹੀ ਅਰਥ ਦੀ ਚੋਣ ਕਰੋ— 2

(ੳ) ਉਸਤਾਦੀ ਕਰਨੀ

1. ਡਰ ਜਾਣਾ
2. ਚਲਾਕੀ ਕਰਨੀ
3. ਦੋਸ਼ ਲਾਉਣਾ
4. ਭਲਾ ਕਰਨਾ

(ਅ) ਮੱਥੇ ਵੱਟ ਵੱਟ ਪਾਉਣੇ

1. ਨਾਰਾਜ਼ ਹੋਣਾ
2. ਅਪਮਾਨ ਹੋਣਾ
3. ਵਿਹਲੇ ਰਹਿਣਾ
4. ਉਪਰੋਕਤ ਸਾਰੇ

6. ਪੁੱਛੇ ਗਏ ਅਖਾਣਾ ਦੇ ਸਹੀ ਅਰਥ ਦੱਸੋ— 2

(ੳ) ਜਿਸ ਤਨ ਲੱਗੇ, ਸੋ ਤਨ ਜਾਣੇ ਦਾ ਅਰਥ ਕੀ ਹੈ ?

1. ਜਿਸ ਨੂੰ ਦੁੱਖ ਲੱਗਦਾ ਹੈ, ਉਹ ਹੀ ਉਸ ਦੀ ਪੀੜ ਜਾਣਦਾ ਹੈ।
2. ਸੁਚੇਤ ਰਹਿਣਾ।
3. ਸਹੀ ਜਾਣਕਾਰੀ ਹੋਣਾ।
4. ਉਪਰੋਕਤ ਸਾਰੇ।

(ਅ) "ਇਕ ਅਨਾਰ ਤੇ ਸੌ ਬਿਮਾਰ", ਅਖਾਣ ਦਾ ਸਹੀ ਅਰਥ ਕੀ ਹੈ ?

1. ਬੇਪਰਵਾਹ ਹੋਣਾ।
2. ਬਿਮਾਰ ਹੋ ਜਾਣਾ।
3. ਚੀਜ਼ ਥੋੜ੍ਹੀ ਪਰ ਲੋੜਵੰਦ ਜ਼ਿਆਦਾ ਹੋਣਾ।
4. ਅਨਾਰ ਖਾ ਕੇ ਤਾਕਤਵਾਰ ਹੋ ਜਾਣਾ।

7. ਹੇਠ ਲਿਖੇ ਵਾਕਾਂ ਨੂੰ ਵਿਸ਼ਰਾਮ ਚਿੰਨ੍ਹ ਲਾ ਕੇ ਲਿਖੋ। 2

(ੳ) ਤੁਸੀ ਚੰਡੀਗੜ੍ਹ ਕਦੋਂ ਜਾਉਗੇ

(ਅ) ਵਾਹ ਅੱਜ ਕਿੰਨਾ ਸੁਹਾਵਣਾ ਮੌਸਮ ਹੈ

8. ਹੇਠ ਲਿਖੇ ਵਾਕਾਂ ਦੀ ਵਾਕ-ਵੰਡ ਕਰੋ। 3

(ੳ) ਉਸਨੇ ਦਿੱਲੀ ਜਾਣਾ ਹੈ।

(ਅ) ਮੇਰਾ ਭਰਾ ਮੋਬਾਇਲ ਵੇਚਦਾ ਹੈ।

(ੲ) ਬਲਬੀਰ ਕਿਤਾਬ ਪੜ੍ਹਦਾ ਹੈ।

9. ਹੇਠ ਲਿਖੇ ਵਾਕਾਂ ਨੂੰ ਸ਼ੁਧ ਕਰਕੇ ਲਿਖੋ। 3

(ੳ) ਹਾਕੀ ਖੇਡਦਾ ਹੈ ਕੁਲਵੰਤ।

(ਅ) ਕੋਇਲ ਮਿੱਠਾ ਗਾਉਂਦਾ ਹੈ।

(ੲ) ਮੁੰਡੇ ਕਿਤਾਬ ਪੜ੍ਹ ਰਿਹਾ ਹੈ।

10. ਹੇਠ ਲਿਖੇ ਕਾਵਿ-ਬੰਦਾਂ ਵਿੱਚੋਂ ਕਿਸੇ ਇਕ ਦੇ ਅੰਤ ਵਿੱਚ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ— 3×2 =6

(ੳ) ਸੁਹਣੀ ਨੇ ਅਸਮਾਨ ਖੜੋ ਕੇ ਧਰਤੀ ਵਲ ਤਕਾ ਕੇ,
ਇਹ ਮੁੱਠ ਖੁਹਲੀ ਤੇ ਸੁੱਟਿਆ ਸਭ ਕੁਛ ਹੇਠ ਤਕਾ ਕੇ।

ਜਿਸ ਥਾਂਵੇ ਧਰਤੀ ਤੇ ਆ ਕੇ ਇਹ ਮੁੱਠ ਡਿੱਗੀ ਸਾਰੀ—
ਉਸ ਥਾਉਂ "ਕਸ਼ਮੀਰ" ਬਣ ਗਿਆ ਟੁਕੜੀ ਜਗ ਤੋਂ ਨਯਾਰੀ।

(1) ਉਪਰੋਕਤ ਕਾਵਿ ਬੰਦ ਦਾ ਪ੍ਰਸੰਗ ਲਿਖੋ।

(2) ਕਸ਼ਮੀਰ ਦੀ ਸਿਰਜਨਾ ਕਿਸ ਤਰ੍ਹਾਂ ਹੋਈ?

(3) "ਸੁਹਣੀ" ਕਿਸ ਨੂੰ ਕਿਹਾ ਗਿਆ ਹੈ ?

(ਅ) ਧਰਤੀ ਦੇ ਹੇਠਾਂ
ਕਦੇ ਧੌਲ ਸੀ,
ਧਰਮ ਸੀ,
ਹੁਣ ਮੇਰੀ ਧੀ ਹੈ।

(1) ਕਵਿਤਾ ਤੇ ਕਵੀ ਦਾ ਨਾਮ ਲਿਖੋ।

(2) ਧਰਤੀ ਦੇ ਹੇਠਾਂ ਪਹਿਲਾਂ ਕੌਣ ਸੀ ?

(3) ਧਰਤੀ ਦੇ ਹੇਠਾਂ ਹੁਣ ਕੌਣ ਹੈ ?

11. "ਰਾਧਾ-ਸੰਦੇਸ਼" ਧਨੀ ਰਾਮ ਚਾਤ੍ਰਿਕ ਦੁਆਰਾ ਰਚਿਤ ਕਵਿਤਾ ਦਾ ਵਿਸ਼ਾ-ਵਸਤੂ ਲਿਖੋ। 6

ਜਾਂ

ਪ੍ਰੋ. ਪੂਰਨ ਸਿੰਘ ਦੀ ਕਵਿਤਾ 'ਪਸ਼ੂ-ਚਰਦੇ' ਦਾ ਸਾਰ ਲਿਖੋ।

12. ਹੇਠ ਲਿਖੇ ਵਾਰਤਾਲਾਪ ਅੰਸ਼ਾਂ ਵਿੱਚੋਂ ਕਿਸੇ ਇੱਕ ਵਾਰਤਾਲਾਪ ਦੇ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ। 3×2=6

(ੳ) ਸੱਚਾ ਬੋਲ ਕਰਾਰਾ ਈ ਹੁੰਦਾ ਏ। ਕਹਿਣਾ ਵੀ ਮੁਸ਼ਕਲ, ਸਹਿਣਾ ਵੀ। ਸਾਡਾ ਵਿੱਦਿਆ ਵਿਭਾਗ ਹੈ ਈ ਸਚਾਈ ਦਾ ਮਹਿਕਮਾ। ਤੁਹਾਡਾ ਪੇਸ਼ਾ ਝੂਠ ਦਾ ਪਸਾਰਾ। ਤੁਹਾਨੂੰ ਸੱਚੀ ਗੱਲ ਕਿਵੇਂ ਭਾਵੇ?

(1) ਉਪਰੋਕਤ ਵਾਰਤਾਲਾਪ ਕਿਸ ਪੁਸਤਕ ਵਿਚੋਂ ਹਨ ਤੇ ਪੁਸਤਕ ਦਾ ਲੇਖਕ ਕੌਣ ਹੈ?

(2) ਇਹ ਸ਼ਬਦ ਕਿਸ ਨੇ ਕਿਸ ਨੂੰ ਕਹੇ ?

(3) ਸਚਾਈ ਦਾ ਮਹਿਕਮਾ ਕਿਹੜਾ ਹੈ?

(ਅ) ਮੈਂ ਤੇਰੇ ਸੁਭਾ ਨੂੰ ਜਾਣਦੀ ਆਂ। ਰਮੇਸ਼ ਜੀ, ਇਹਦੀ ਗੱਲ ਦਾ ਗੁੱਸਾ ਨਾ ਕਰਿਓ ਇਹ ਡੈਡੀ ਨੂੰ ਵੀ ਟਿਚਕਰ ਕਰਨੋਂ ਨਹੀਂ ਟਲਦਾ। ਉਹ ਇਸ ਗੱਲੋਂ ਬਹੁਤ ਖਿਝਦੇ ਨੇ। ਹੈ ਤਾਂ ਸਿਆਣਾ, ਪਰ ਜ਼ਰਾ ਪਾਗ਼ਲਪਨ......।

(1) ਨਾਟਕ ਤੇ ਨਾਟਕਕਾਰ ਦਾ ਨਾਮ ਲਿਖੋ।

(2) ਉਪਰੋਕਤ ਸ਼ਬਦ ਕਿਸ ਨੇ ਕਿਸ ਨੂੰ ਕਹੇ ?

(3) ਰਮੇਸ਼ ਕੌਣ ਹੈ ?

13. "ਸ਼ੋਭਾ-ਸ਼ਕਤੀ" ਨਾਟਕ ਦਾ ਸਾਰ ਸੰਖੇਪ ਵਿਚ ਲਿਖੋ। 6

ਜਾਂ

ਸ਼ੋਭਾ-ਸ਼ਕਤੀ ਨਾਟਕ ਦੀ ਮੁੱਖ ਨਾਇਕਾਂ "ਸ਼ੋਭਾ" ਦਾ ਪਾਤਰ ਚਿੱਤਰਣ ਕਰੋ।

14. ਹੇਠ ਲਿਖੇ ਪੈਰ੍ਹਿਆਂ ਵਿੱਚੋਂ ਕਿਸੇ ਇੱਕ ਦੇ ਹੇਠਾਂ ਦਿੱਤੇ ਪ੍ਰਸ਼ਨਾਂ ਦੇ ਉੱਤਰ ਲਿਖੋ। 1+1+2=4

(ੳ) ਬਾਰੂ ਦੀ ਭਰਜਾਈ ਛਾਹ-ਵੇਲਾ ਲਈ ਆਉਂਦੀ ਸੀ। ਬਾਗ਼ ਉਜੜ ਚੁੱਕਾ ਸੀ। ਚਮਗਿੱਦੜ ਉੱਡ ਗਏ ਸਨ। ਡਾਕੂ ਦਾ ਕਿਸੇ ਨੂੰ ਪਤਾ ਨਹੀਂ, ਜੋ ਆਰਾਮ ਨਾਲ ਘਰ ਸੁੱਤਾ ਹੋਇਆ ਸੀ।

(1) ਉਪਰੋਕਤ ਸ਼ਬਦ ਕਿਸ ਕਹਾਣੀ ਵਿਚੋਂ ਹਨ?

(2) ਕਹਾਣੀਕਾਰ ਦਾ ਨਾਮ ਲਿਖੋ।

(3) "ਬਾਗ਼ ਉਜੜ ਚੁੱਕਾ ਸੀ" ਤੋਂ ਕੀ ਭਾਵ ਹੈ ਅਤੇ ਅਸਲ ਡਾਕੂ ਕੌਣ ਸੀ?

(ਅ) "ਨੰਦੂ, ਆਉਣ ਵਾਲੀ ਦੁਨੀਆਂ ਦੇ ਸਾਰੇ ਲੋਕ ਤੇਰੀਆਂ ਤੇ ਹੋਰ ਹਜ਼ਾਰਾਂ ਨੰਦੂਆਂ ਦੀਆਂ ਕਹਾਣੀਆਂ ਬਾਈਬਲ ਵਾਂਗ ਪੜ੍ਹਿਆ ਕਰਨਗੇ, ਇਨ੍ਹਾਂ ਦੀ ਉਸੇ ਤਰ੍ਹਾਂ ਪੂਜਾ ਹੋਵੇਗੀ ਜਿਵੇਂ ਤੂੰ ਉਨ੍ਹਾਂ ਤਸਵੀਰਾਂ ਦੀ ਕਰਦਾ ਹੈਂ, ਕਿਉਂਕਿ ਤੁਸੀਂ ਸਾਰੇ ਨਵੀਂ ਦੁਨੀਆਂ ਦੀਆਂ ਨੀਹਾਂ ਮਜਬੂਤ ਕਰ ਰਹੇ ਓ।"

(1) ਕਹਾਣੀ ਦਾ ਨਾਮ ਲਿਖੋ।

(2) ਉਪਰੋਕਤ ਵਾਰਤਾਲਾਪ ਦੇ ਕਹਾਣੀਕਾਰ ਦਾ ਨਾਂ ਦੱਸੋ।

(3) ਨੰਦੂ ਕਿਨ੍ਹਾਂ ਤਸਵੀਰਾਂ ਦੀ ਪੂਜਾ ਕਰਦਾ ਹੈ ?

15. ਕੁਲਵੰਤ ਸਿੰਘ ਵਿਰਕ ਦੀ ਲਿਖੀ ਕਹਾਣੀ "ਸ਼ੇਰਨੀਆਂ" ਦਾ ਸਾਰ ਆਪਣੇ ਸ਼ਬਦਾਂ ਵਿੱਚ ਲਿਖੋ। 4

ਜਾਂ

"ਖੰਭ" ਕਹਾਣੀ ਦਾ ਵਿਸ਼ਾ-ਵਸਤੂ ਕੀ ਹੈ ?

16. ਪੰਜਾਬੀ ਸਾਹਿਤ ਦਾ ਇਤਿਹਾਸ ਤੇ ਵਿਕਾਸ-ਅਧਾਰਿਤ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ। 1×4 =4

(i) (ੳ) ਸ਼ੇਖ ਫਰੀਦ ਜੀ ਦੇ ਕਿੰਨੇ ਸਲੋਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਦਰਜ ਹਨ ?

1. 40 ਸਲੋਕ 2. 100 ਸਲੋਕ

3. 112 ਸਲੋਕ 4. 500 ਸਲੋਕ

(ਅ) ਆਧੁਨਿਕ ਪੰਜਾਬੀ ਕਵਿਤਾ ਦਾ ਜਨਮ ਕਿਸ ਪੰਜਾਬੀ ਕਵੀ ਦੁਆਰਾ ਹੋਇਆ ?

1. ਭਾਈ ਵੀਰ ਸਿੰਘ 2. ਪ੍ਰੋ. ਮੋਹਨ ਸਿੰਘ

3. ਸ਼ਿਵ ਕੁਮਾਰ 4. ਡਾ. ਹਰਿਭਜਨ ਸਿੰਘ

(ੲ) "ਜਪੁਜੀ ਸਾਹਿਬ" ਕਿਸ ਗੁਰੂ ਦੀ ਬਾਣੀ ਹੈ ?

1. ਸ੍ਰੀ ਗੁਰੂ ਅਮਰਦਾਸ ਜੀ 2. ਸ੍ਰੀ ਗੁਰੂ ਨਾਨਕ ਦੇਵ ਜੀ

3. ਸ੍ਰੀ ਗੁਰੂ ਤੇਗ ਬਹਾਦਰ ਜੀ 4. ਸ੍ਰੀ ਗੁਰੂ ਰਾਮਦਾਸ ਜੀ

(ਸ) ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਕਿਹੜੀ ਹੈ ?

1. ਛੰਦ 2. ਆਰਤੀ

3. ਅਨੰਦ ਸਾਹਿਬ 4. ਚੰਡੀ ਦੀ ਵਾਰ

(ii) ਭਾਈ ਵੀਰ ਸਿੰਘ ਦੁਆਰਾ ਪ੍ਰਕਾਸ਼ਿਤ ਪੰਜਾਬੀ ਦਾ ਪਹਿਲਾ ਨਾਵਲ ਕਿਹੜਾ ਸੀ ? 1

(iii) ਪੰਜਾਬੀ ਸਾਹਿਤ ਵਿੱਚ ਸੂਫੀ ਕਾਵਿ-ਧਾਰਾ ਦਾ ਆਰੰਭ ਤੇ ਵਿਕਾਸ ਕਿਵੇਂ ਹੋਇਆ ? 3